

# ਕਾਰੋਬਾਰਾਂ ਅਤੇ ਸਾਡੀ ਸਥਾਨਕ ਅਰਥ ਵਿਵਸਥਾ ਦਾ ਸਮਰਥਨ ਕਰਨਾ

ਕੈਲਗਰੀ, ਕੈਨੇਡਾ ਦੇ ਵੱਡੇ ਸ਼ਹਿਰਾਂ ਵਿੱਚ ਮੁਲਾਂਕਣ ਮੁੱਲ ਦੇ ਪ੍ਰਤੀ $1,000 ਦੀਆਂ ਸਭ ਤੋਂ ਘੱਟ ਗੈਰ-ਰਿਹਾਇਸ਼ੀ ਟੈਕਸ ਦਰਾਂ ਵਿੱਚੋਂ ਇੱਕ ਦੇ ਨਾਲ, ਪੱਛਮੀ ਕੈਨੇਡਾ ਲਈ ਇੱਕ ਵਪਾਰਕ ਅਤੇ ਲੌਜਿਸਟਿਕ ਹੱਬ ਹੈ। ਸਾਡੀ ਹਾਲੀਆ ਆਰਥਿਕ ਮੰਦੀ ਅਤੇ ਕੋਵਿਡ-19 ਦੇ ਪ੍ਰਭਾਵਾਂ ਦੇ ਬਾਵਜੂਦ, ਅਸੀਂ ਕੈਲਗਰੀ ਦੇ ਕਾਰੋਬਾਰਾਂ ਦਾ ਸਮਰਥਨ ਕਰਨ ਅਤੇ ਆਰਥਿਕ ਵਿਕਾਸ ਅਤੇ ਲਚਕੀਲਾਪਣ ਪੈਦਾ ਕਰਨ ਲਈ ਸਾਡੇ ਸ਼ਹਿਰ ਵਿੱਚ ਨਿਵੇਸ਼ ਕਰਨ ਲਈ ਵਚਨਬੱਧ ਰਹਿੰਦੇ ਹਾਂ।

## ਅਸੀਂ ਸਥਾਨਕ ਕਾਰੋਬਾਰਾਂ ਦਾ ਸਮਰਥਨ ਕਿਵੇਂ ਕਰ ਰਹੇ ਹਾਂ

**ਕੈਲਗਰੀ ਵਾਸੀਆਂ ਨੂੰ ਸਥਾਨਕ ਖਰੀਦਣ ਲਈ ਉਤਸ਼ਾਹਿਤ ਕਰਨਾ, #SUPPORTLOCALYYC** ਰਾਹੀਂ ਦੁਕਾਨਾਂ ਅਤੇ ਸੇਵਾਵਾਂ ਦਾ ਸਮਰਥਨ ਕਰਨਾ

**ਕੈਲਗਰੀ ਕਾਰੋਬਾਰਾਂ ਨੂੰ ਰਾਹਤ ਵਿੱਚ $12.6 ਮਿਲੀਅਨ ਦਿੱਤੇ ਗਏ ਕੈਲਗਰੀ ਕੋਵਿਡ ਰੀਓਪਨਿੰਗ ਗ੍ਰਾਂਟ (Calgary Covid Reopening Grant)** ਅਤੇ **ਕੈਲਗਰੀ REP ਬਿਜ਼ਨਸ ਸਪੋਰਟ ਗ੍ਰਾਂਟ (Calgary REP Business Support Grant)** ਰਾਹੀਂ

**5,000 ਤੋਂ ਵਧ ਕਾਰੋਬਾਰਾਂ ਨੂੰ ਸਮਰਥਨ**

**ਇਮਾਰਤ ਸੁਰੱਖਿਆ ਅਤੇ ਵਿਕਾਸ ਪ੍ਰਵਾਨਗੀ ਆਧਾਰ ਫੀਸਾਂ ਵਿੱਚ ਕਟੌਤੀਆਂ**

ਕਾਰੋਬਾਰਾਂ ਨੂੰ ਸਮਰਥਨ ਦੇਣ ਲਈ **219 ਪੇਟਿਓ ਪਰਮਿਟ** ਜਾਰੀ ਕੀਤੇ ਗਏ

**2300 ਛੋਟੇ ਕਾਰੋਬਾਰਾਂ ਨੂੰ ਆਨਲਾਈਨ ਵਧਣ ਅਤੇ ਫੁੱਲਣ - ਫੱਲਣ ਵਿੱਚ ਸਹਾਇਤਾ ਕਰਨ ਵਾਸਤੇ ਮੁਫ਼ਤ** ਡਿਜੀਟਲ ਸਰਵਿਸ ਸਕੁਐਡ

| ਮਿਉਂਸੀਪਲ ਟੈਕਸਾਂ ਦਾ ਵਿਤਰਨ: | | ਅੱਜ | 2018 |
|---|---|---|---|
| | ਰਿਹਾਇਸ਼ੀ | 52% | 44% |
| | ਗੈਰ-ਰਿਹਾਇਸ਼ੀ | 48% | 56% |

ਹੋਰ ਜਾਣੋ, **calgary.ca/business** 'ਤੇ ਜਾਓ

ਮਹੱਤਵਪੂਰਨ ਜਾਣਕਾਰੀ ਇੰਨ੍ਹਾਂ ਵਿੱਚ ਵੀ ਉਪਲਬਧ ਹੈ:

繁體中文 | 简体中文 | ਪੰਜਾਬੀ | اردو | Español



22-0019622 ADV-14023

## ਕੈਲਗਰੀ ਵਿੱਚ ਨਿਰਮਾਣ ਅਤੇ ਨਿਵੇਸ਼

ਕੈਲਗਰੀ ਦੀ ਡਾਊਨਟਾਊਨ ਰਣਨੀਤੀ ਨੌਕਰੀਆਂ ਪੈਦਾ ਕਰਨ, ਆਰਥਿਕ ਰਿਕਵਰੀ ਚਲਾਉਣ ਅਤੇ ਸਾਡੇ ਡਾਊਨਟਾਊਨ ਨੂੰ ਮੁੜ ਸੁਰਜੀਤ ਕਰਨ ਦੇ ਮੌਕਿਆਂ ਦਾ ਲਾਭ ਉਠਾਉਣ ਲਈ ਸਿਟੀ ਅਤੇ ਜਨਤਕ ਅਤੇ ਨਿੱਜੀ ਭਾਈਵਾਲਾਂ ਦੇ ਸਮੂਹਿਕ ਯਤਨਾਂ ਦਾ ਲਾਭ ਉਠਾਉਂਦੀ ਹੈ। ਇੱਕ ਮਜ਼ਬੂਤ ਡਾਊਨਟਾਊਨ ਆਮਦਨ ਵਿੱਚ ਅਤੇ ਸਿਟੀ ਸੇਵਾਵਾਂ ਪ੍ਰਦਾਨ ਕਰਨ ਦੀ ਸਾਡੀ ਯੋਗਤਾ ਵਿੱਚ ਵਾਧਾ ਕਰਕੇ ਪੂਰੇ ਸ਼ਹਿਰ ਦੀ ਸਫਲਤਾ ਵਿੱਚ ਯੋਗਦਾਨ ਪਾਉਂਦਾ ਹੈ।

---

## ਤਰਜੀਹੀ ਪੂੰਜੀ ਪ੍ਰੋਜੈਕਟ

ਕੈਲਗਰੀ ਦੀ ਪ੍ਰਵਾਨਿਤ ਵਿੱਤੀ ਰਣਨੀਤੀ ਅਗਲੇ 10 ਤੋਂ 15 ਸਾਲਾਂ ਵਿੱਚ ਆਰਟਸ ਕਾਮਨਜ਼ ਅਤੇ BMO ਸੈਂਟਰ ਦੇ ਵਿਸਥਾਰ ਸਮੇਤ ਪੂੰਜੀ ਪ੍ਰੋਜੈਕਟਾਂ ਲਈ ਲਗਭਗ **$430 ਮਿਲੀਅਨ** ਪ੍ਰਦਾਨ ਕਰੇਗੀ। ਇਹ ਪ੍ਰੋਜੈਕਟ ਸਾਡੇ ਸ਼ਹਿਰ ਦੇ ਕਲਚਰਲ ਅਤੇ ਐਂਟਰਟੇਨਮੈਂਟ ਡਿਸਟ੍ਰਿਕਟ ਨੂੰ ਬਣਾਉਣ ਵਿੱਚ ਮਦਦ ਕਰਨਗੇ।

---

## ਗ੍ਰੇਟਰ ਡਾਊਨਟਾਊਨ ਯੋਜਨਾ

ਕੈਲਗਰੀ ਦੀ ਭਵਿੱਖ ਦੀ ਸਫਲਤਾ ਡਾਊਨਟਾਊਨ ਦੇ ਇੱਕ ਅਜਿਹੀ ਜਗ੍ਹਾ ਹੋਣ 'ਤੇ ਨਿਰਭਰ ਕਰਦੀ ਹੈ ਜਿੱਥੇ ਲੋਕ ਰਹਿਣਾ, ਮਿਲਣਾ ਅਤੇ ਕਾਰੋਬਾਰ ਸਥਾਪਤ ਕਰਨਾ ਚਾਹੁੰਦੇ ਹਨ। ਅਸੀਂ ਬੁਨਿਆਦੀ ਢਾਂਚੇ, ਜਨਤਕ ਸਥਾਨਾਂ ਅਤੇ ਆਂਢਾਂ-ਗੁਆਂਢਾਂ ਵਿੱਚ **$255 ਮਿਲੀਅਨ** ਦਾ ਨਿਵੇਸ਼ ਕਰ ਰਹੇ ਹਾਂ, ਜੋ ਕੈਲਗਰੀ ਦੇ ਆਰਥਿਕ ਵਿਕਾਸ ਅਤੇ ਲਚਕੀਲੇਪਨ ਨੂੰ ਅੱਗੇ ਵਧਾਏਗਾ।

**calgary.ca/downtownstrategy**
'ਤੇ ਹੋਰ ਜਾਣੋ।

**ਤੁਹਾਡੇ ਗੈਰ-ਰਿਹਾਇਸ਼ੀ ਪ੍ਰਾਪਰਟੀ ਟੈਕਸ ਡਾਲਰ ਕਿੱਥੇ ਜਾਂਦੇ ਹਨ:**



**82%** ਫੰਡ ਸਿਟੀ ਔਫ ਕੈਲਗਰੀ

**18%** ਫੰਡ ਅਲਬਰਟਾ ਸਰਕਾਰ